5/41/2001-ਰਰ-4/10119

ਪੰਜਾਬ ਸਰਕਾਰ

ਸਹਾਇਤਾ ਤੇ ਮੁੜ ਸਥਾਪਨ ਵਿਭਾਗ

( ਆਰ.ਆਰ. ਸ਼ਾਖਾ )

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ
ਸਬ ਡਵੀਜ਼ਨਲ ਮੈਜਿਸਟਰੇਟ ।

ਚੰਡੀਗੜ੍ਹ, ਮਿਤੀ: 7 ਅਗਸਤ, 2003.

ਵਿਸ਼ਾ:- ਅੱਤਵਾਦ /ਦੰਗਿਆਂ ਦੌਰਾਨ ਮਾਰੇ ਵਿਅਕਤੀਆਂ ਦੇ ਪ੍ਰੀਵਾਰਾਂ ਦੇ ਨਿਰਭਰ ਮੈਂਬਰਾਂ ਜਾਂ ਅੱਤਵਾਦ/ਦੰਗਿਆਂ ਦੌਰਾਨ 100% ਜ਼ਖਮੀ ਹੋਏ ਵਿਅਕਤੀਆਂ ਜਾਂ ਉਹਨਾਂ ਦੇ ਆਸ਼ਰਿਤਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਬਾਰੇ ।

ਸ਼੍ਰੀਮਾਨ ਜੀ/ਮੈਡਮ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਆਪ ਜੀ ਦਾ ਧਿਆਨ ਮੁੱਖ ਸਕੱਤਰ ਪੰਜਾਬ ਸਰਕਾਰ ਦੇ ਪੱਤਰ ਨੰ:5/119/2001-ਰਰ-4/19038, ਮਿਤੀ 10 ਦਸੰਬਰ, 2002(ਕਾਪੀ ਨੱਥੀ ਹੈ ) ਵੱਲ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਹਦਾਇਤਾਂ ਦੇ ਬਾਵਜੂਦ ਕੁਝ ਪਾਤਰ ਵਿਅਕਤੀ ਮਿਥੇ ਸਮੇਂ ਅੰਦਰ ਅਰਜੀ ਨਾ ਦੇਣ ਕਰਕੇ ਤਰਸ ਦੇ ਆਧਾਰ ਤੇ ਨੌਕਰੀ ਪ੍ਰਾਪਤ ਨਹੀ ਕਰ ਸਕੇ । ਇਸ ਸਾਰੀ ਸਥਿਤੀ ਤੇ ਵਿਚਾਰ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਅੱਤਵਾਦ/ਦੰਗਿਆਂ ਦੌਰਾਨ ਮਾਰੇ ਜਾਂ 100% ਜ਼ਖਮੀ ਹੋਏ ਵਿਅਕਤੀਆਂ ਦੇ ਆਸ਼ਰਿਤਾਂ ,ਜੋ ਸਬੰਧਤ ਦੁਰਘਟਨਾ ਸਮੇਂ ਨਾਬਾਲਗ (18 ਸਾਲ ਦੀ ਉਮਰ ਤੋਂ ਘੱਟ) ਸਨ, ਨੂੰ ਤਰਸ ਦੇ ਆਧਾਰ ਤੇ ਨੌਕਰੀ ਲਈ ਅਰਜ਼ੀ ਦੇਣ ਦਾ ਆਖਰੀ ਮੌਕਾ ਦਿੱਤਾ ਜਾਵੇ । ਅਜਿਹੇ ਵਿਅਕਤੀ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 2 ਮਹੀਨੇ ਦੇ ਅੰਦਰ ਅੰਦਰ (ਯਾਨਿ ਮਿਤੀ 6-10-2003 ਤੱਕ ) ਤਰਸ ਦੇ ਆਧਾਰ ਤੇ ਨੌਕਰੀ ਲਈ ਅਰਜ਼ੀ ਸਬੰਧਤ ਡਿਪਟੀ ਕਮਿਸ਼ਨਰ ਨੂੰ ਪਹੁੰਚਾ ਸਕਦੇ ਹਨ ।

2. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਫੈਸਲੇ ਦਾ ਪੂਰਾ ਪ੍ਰਚਾਰ ਕੀਤਾ ਜਾਵੇ ਅਤੇ ਆਪਣੇ ਦਫਤਰ ਦੇ ਨੋਟਿਸ ਬੋਰਡ ਤੇ ਲਗਾਉਣ ਦੇ ਨਾਲ ਨਾਲ ਪਿੰਡਾਂ ਵਿੱਚ ਪਟਵਾਰੀਆਂ ਰਾਹੀਂ ਅਤੇ ਸ਼ਹਿਰਾਂ ਵਿੱਚ ਨਗਰ ਪਾਲਿਕਾ/ਨਗਰ ਪੰਚਾਇਤਾਂ ਦੇ ਕਰਮਚਾਰੀਆਂ ਰਾਹੀਂ ਪ੍ਰਚਾਰ ਕੀਤਾ ਜਾਵੇ

3. ਇਹਵੀ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਜਿਹੜੇ ਕੇਸ ਪਹਿਲਾ ਦੇਰੀ ਨਾਲ ਅਪਲਾਈ ਕਰਨ ਕਰਕੇ ਰਿਜੈਕਟ /ਦਾਖਲ ਦਫਤਰ ਕੀਤੇ ਗਏ ਹਨ , ਉਹਨਾਂ ਨੂੰ ਇਨ੍ਹਾਂ ਹਦਾਇਤਾਂ ਦੇ ਸਨਮੁੱਖ ਸੁਰਜੀਤ ਕਰਕੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਸਚਿਤ ਪ੍ਰਫਾਰਮੇ ਵਿੱਚ ਆਪਣੀ ਸਿਫਾਰਸ਼ ਸਮੇਤ ਛੇਤੀ ਘੱਲਣ ਦੀ ਖੇਚਲ ਕੀਤੀ ਜਾਵੇ । ਸਰਕਾਰਦੇ ਇਸ ਨਵੇ ਫੈਸਲੇ ਮੁਤਾਬਿਕ ਆਉਣ ਵਾਲੀਆਂ ਹੋਰ ਅਰਜ਼ੀਆਂ ਨੂੰ ਨਾਲ ਦੀ ਨਾਲ ਮੁਕੰਮਲ ਕਰਕੇ ਸਮੇਂ -ਸਮੇਂ ਇਸ ਵਿਭਾਗ ਨੂੰ ਘੱਲੀਆਂ ਜਾਣ ਜਿਹੜੀਆਂ ਅਰਜ਼ੀਆਂ ਅੰਤਿਮ ਮਿਤੀ ਤੱਕ ਪ੍ਰਾਪਤ ਹੋਣਗੀਆਂ, ਉਹ ਸਾਰੀਆਂ ਲੋੜੀਂਦੇ ਪ੍ਰਫਾਰਮੇ ਵਿੱਚ ਮੁਕੰਮਲ ਰਿਪੋਰਟ ਸਮੇਤ ਸਰਕਾਰ ਨੂੰ ਅਗਲੇ ਇਕ ਮਹੀਨੇ ( ਯਾਨੀ 6-11-03 ਤੱਕ) ਦਸਤੀ ਪਹੁੰਚਾਉਣ ਦੀ ਖੇਚਲ ਕੀਤੀ ਜਾਵੇ । ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਜਿਹੜੀਆਂ ਅਰਜ਼ੀਆਂ ਸਰਕਾਰ ਦੀਆਂ ਸਮੇਂ -ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਪੂਰੀਆਂ ਨਾ ਉੱਤਰਦੀਆਂ ਹੋਣ, ਉਹਨਾਂ ਬਾਰੇ

173

ਆਪਣੇ ਪੱਧਰ ਤੇ ਹੀ ਰਿਜੈਕਟ ਕਰਨ ਦੇ ਕਾਰਨ ਦੱਸਦੇ ਹੋਏ ਸਬੰਧਤ ਬਿਨੈਕਾਰ ਨੂੰ ਸੂਚਿਤ ਕੀਤਾ ਜਾਵੇ ਅਤੇ ਅਜਿਹੇ ਕੇਸਾਂ ਦੀ ਸੂਚੀ ਮਿਤੀ 6-11-2003 ਤੱਕ ਇਸ ਵਿਭਾਗ ਨੂੰ ਘੱਲੀ ਜਾਵੇ ।

ਵਿਸ਼ਵਾਸ਼ -ਪਾਤਰ

( ਵਿਨੋਦ ਕੁਮਾਰ ਭੱਲਾ)
ਵਧੀਕ ਸਕੱਤਰ ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ ।

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ:-

1: ਸਮੂਹ ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ ।
2: ਪ੍ਰਸੋਨਲ ਵਿਭਾਗ ( ਪੀ.ਪੀ.2 ਸ਼ਾਖਾ) ਉਹਨਾਂ ਦੇ ਅ:ਵਿ:ਪੱ:ਨੰ: 11/104/02-4ਪੀ.ਪੀ.2,ਮਿਤੀ 30-7-03 ਦੇ ਹਵਾਲੇ ਵਿੱਚ ।
3: ਆਮ ਰਾਜ ਪ੍ਰਬੰਧ ਵਿਭਾਗ ( ਮੰਤਰੀ ਮੰਡਲ ਮਾਮਲੇ ਸ਼ਾਖਾ) ਉਹਨਾਂ ਦੇ ਅ: ਵਿ:ਪੱ:ਨੰ: 1/68/2003-ਕੈਬਨਿਟ/3109, ਮਿਤੀ 21-7-2003 ਦੇ ਹਵਾਲੇ ਵਿੱਚ ।

ਵਧੀਕ ਸਕੱਤਰ ਪੰਜਾਬ ਸਰਕਾਰ
ਸਹਾਇਤਾ ਤੇ ਮੁੜ ਸਥਾਪਨ ਵਿਭਾਗ।

ਸੇਵਾ ਵਿਖੇ

1. ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ ।
2: ਪ੍ਰਸੋਨਲ ਵਿਭਾਗ,
(ਪ੍ਰਸੋਨਲ ਪਾਲਿਸੀ-2 ਸ਼ਾਖਾ) ।
3: ਆਮ ਰਾਜ ਪ੍ਰਬੰਧ ਵਿਭਾਗ,
(ਮੰਤਰੀ ਮੰਡਲ ਮਾਮਲੇ ਸ਼ਾਖਾ)

ਅ:ਵਿ:ਪੱ:ਨੰ:5/41/2001-ਰਰ-4/10120 ਚੰਡੀਗੜ੍ਹ, ਮਿਤੀ: 7 ਅਗਸਤ, 2003